

## ਸ਼ਬਦਾਵਲੀ:

**ਅਬੋਲੀਸ਼ਨ (ਮਨਸੂਖੀ)**: ਕਿਸੇ ਪ੍ਰਣਾਲੀ ਜਾਂ ਅਭਿਆਸ ਨੂੰ ਅਧਿਕਾਰਤ ਤੌਰ 'ਤੇ ਖਤਮ ਕਰਨ ਦਾ ਕੰਮ।

**ਬਸਤੀਵਾਦ**: ਇੱਕ ਦੇਸ਼ ਦੁਆਰਾ ਦੂਜੇ ਦੇਸ਼ ਉੱਤੇ ਆਪਣਾ ਨਿਯੰਤਰਣ ਵਧਾਉਣ ਦਾ ਅਭਿਆਸ, ਅਕਸਰ ਆਰਥਿਕ ਸ਼ੋਸ਼ਣ ਜਾਂ ਰਾਜਨੀਤਿਕ ਦਬਦਬੇ ਲਈ।

**ਕਲੋਨੀ (ਬਸਤੀ)**: ਦੂਜੇ ਦੇਸ਼ ਜਾਂ ਰਾਜ ਦੇ ਰਾਜਨੀਤਿਕ ਨਿਯੰਤਰਣ ਅਧੀਨ ਇੱਕ ਖੇਤਰ, ਜਿਸ 'ਤੇ ਅਕਸਰ ਉਸ ਦੇਸ਼ ਦੇ ਵਸਨੀਕਾਂ ਦਾ ਕਬਜ਼ਾ ਹੁੰਦਾ ਹੈ।

**ਡਿਕਲੋਨੀਅਲ**: ਇਤਿਹਾਸ ਬਾਰੇ ਇਸ ਤਰੀਕੇ ਨਾਲ ਸੋਚਣਾ ਜੋ ਸਵਾਲ ਕਰਦਾ ਹੈ ਕਿ ਬਸਤੀਵਾਦ ਨੇ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕੀਤਾ।

**ਵਪਾਰੀ**: ਕੋਈ ਅਜਿਹਾ ਵਿਅਕਤੀ ਜੋ ਮੁਨਾਫੇ ਲਈ ਸਾਮਾਨ ਖਰੀਦਦਾ ਜਾਂ ਵੇਚਦਾ ਹੈ।

**ਨਸਲੀ ਦੰਗੇ**: ਨਸਲੀ ਵਿਰੋਧ ਕਾਰਨ ਹਿੰਸਾ ਦਾ ਜਨਤਕ ਪ੍ਰਕੋਪ।

**ਗੁਲਾਮ ਮਜ਼ਦੂਰੀ**: ਲੋਕਾਂ ਨੂੰ ਬਿਨਾਂ ਤਨਖਾਹ ਦੇ ਕੰਮ ਕਰਨ ਲਈ ਮਜਬੂਰ ਕਰਨਾ, ਅਕਸਰ ਕਠੋਰ ਹਾਲਤਾਂ ਵਿੱਚ ਅਤੇ ਆਜ਼ਾਦੀ ਤੋਂ ਬਿਨਾਂ।

**ਹੜਤਾਲ**: ਵਿਰੋਧ ਦੇ ਰੂਪ ਵਿੱਚ ਕਰਮਚਾਰੀਆਂ ਦੁਆਰਾ ਕੰਮ ਕਰਨ ਤੋਂ ਇਨਕਾਰ ਕਰਨਾ।

**ਯੂਨੀਅਨ**: ਮਜ਼ਦੂਰਾਂ ਦਾ ਇੱਕ ਸੰਗਠਿਤ ਸਮੂਹ, ਜੋ ਕਰਮਚਾਰੀਆਂ ਵਜੋਂ ਆਪਣੇ ਅਧਿਕਾਰਾਂ ਦੀ ਰੱਖਿਆ ਲਈ ਬਣਾਇਆ ਗਿਆ ਹੈ।



© ਕਲਚਰ ਐਂਡ ਸਪੋਰਟ ਗਲਾਸਗੋ (ਮਿਊਜ਼ੀਅਮ) 2022

Glasgow Life, ਕਲਚਰ ਐਂਡ ਸਪੋਰਟ ਗਲਾਸਗੋ ਵਜੋਂ ਰਜਿਸਟਰ ਕੀਤਾ ਹੈ, ਜੋ ਇੱਕ ਸਕਾਟਿਸ਼ ਚੈਰਿਟੀ (ਨੰਬਰ SC037844) ਹੈ ਅਤੇ ਸਕਾਟਿਸ਼ ਚੈਰਿਟੀ ਰੈਗੂਲੇਟਰ (OSCR) ਦੁਆਰਾ ਨਿਯੰਤ੍ਰਿਤ ਕੀਤੀ ਜਾਂਦੀ ਹੈ।

# ਬਰੈਲ ਦਾ ਛੁਪਿਆ ਹੋਇਆ ਇਤਿਹਾਸ

# ਡਿਕਲੋਨੀਅਲ ਫੈਮਿਲੀ ਟ੍ਰੇਲ

**ਬਰੈਲ ਪਰਿਵਾਰ ਨੂੰ ਸਾਡੇ ਮਿਊਜ਼ੀਅਮ ਵਿੱਚ ਸਲਾਹਿਆ ਜਾਂਦਾ ਹੈ, ਪਰ ਅਸੀਂ ਉਨ੍ਹਾਂ ਦੀ ਕਹਾਣੀ ਦਾ ਸਿਰਫ਼ ਇੱਕ ਹਿੱਸਾ ਦੱਸਦੇ ਹਾਂ। ਇਸ ਟ੍ਰੇਲ ਨੂੰ ਐਕਸਪਲੋਰ ਕਰਕੇ, ਅਸੀਂ ਸਿੱਖਾਂਗੇ ਕਿ The Burrell Collection (ਬਰੈਲ ਕਲੇਕਸ਼ਨ) ਗਲਾਸਗੋ ਦੇ ਬਸਤੀਵਾਦੀ ਇਤਿਹਾਸ ਨਾਲ ਕਿਵੇਂ ਜੁੜਿਆ ਹੋਇਆ ਹੈ ਅਤੇ ਸੋਚਾਂਗੇ ਕਿ ਇਸ ਇਤਿਹਾਸ ਨੂੰ ਅਕਸਰ ਕਿਉਂ ਅਣਗੌਲਿਆ ਕੀਤਾ ਜਾਂਦਾ ਹੈ।**

**ਤੁਸੀਂ ਮਿਊਜ਼ੀਅਮ ਦੀ ਗਰਾਊਂਡ ਫਲੋਰ 'ਤੇ ਟ੍ਰੇਲ ਦੇ ਸਾਰੇ ਸਟਾਪ ਪਾਓਗੇ। ਤੁਸੀਂ ਰਿਸੈਪਸ਼ਨ 'ਤੇ ਨਕਸ਼ਾ ਲੱਭ ਸਕਦੇ ਹੋ ਜਾਂ ਆਪਣਾ ਰਸਤਾ ਲੱਭਣ ਵਿੱਚ ਮਦਦ ਕਰਨ ਲਈ ਸਾਡੇ ਗੈਲਰੀ ਸਹਾਇਕਾਂ ਵਿੱਚੋਂ ਕਿਸੇ ਨੂੰ ਪੁੱਛ ਸਕਦੇ ਹੋ।**

**ਕਿਰਪਾ ਕਰਕੇ ਨੋਟ ਕਰੋ:**

**ਇਹ ਟ੍ਰੇਲ ਗੁਲਾਮੀ ਅਤੇ ਬਸਤੀਵਾਦ ਵਰਗੇ ਸੰਵੇਦਨਸ਼ੀਲ ਵਿਸ਼ਿਆਂ 'ਤੇ ਚਰਚਾ ਕਰਦਾ ਹੈ। ਅਸੀਂ ਉਮੀਦ ਕਰਦੇ ਹਾਂ ਕਿ ਆਪਣੇ ਗੁੰਝਲਦਾਰ ਅਤੀਤ ਬਾਰੇ ਗੱਲ ਕਰਕੇ, ਅਸੀਂ ਇਤਿਹਾਸ ਤੋਂ ਸਿੱਖ ਸਕਦੇ ਹਾਂ ਅਤੇ ਹਰ ਕਿਸੇ ਲਈ ਇੱਕ ਬਿਹਤਰ ਭਵਿੱਖ ਬਣਾ ਸਕਦੇ ਹਾਂ। ਅਸੀਂ ਪੂਰੇ ਟ੍ਰੇਲ ਦੌਰਾਨ ਤੁਹਾਡੀ ਮਦਦ ਕਰਨ ਲਈ ਸ਼ਬਦਾਂ ਦੀ ਇੱਕ ਸ਼ਬਦਾਵਲੀ ਸ਼ਾਮਲ ਕੀਤੀ ਹੈ।**

burrellcollection.com

The Burrell Collection
ਬਰੈਲ ਕਲੇਕਸ਼ਨ



## ਕਾਂਸੀ ਦੀ ਤਖ਼ਤੀ

### ਮੁੱਖ ਪ੍ਰਵੇਸ਼

ਇਹ ਤਖ਼ਤੀ ਵਿਲੀਅਮ ਅਤੇ ਕਾਂਸਟੈਂਸ ਬਰੈਲ ਦੀ ਯਾਦਗਾਰ ਵਜੋਂ ਲਗਾਈ ਗਈ ਹੈ। ਉਨ੍ਹਾਂ ਦੀ ਸ਼ਿਪਿੰਗ ਕੰਪਨੀ ਬਰੈਲ ਐਂਡ ਸਨ ਦੀ ਸਥਾਪਨਾ 1834 ਵਿੱਚ ਬ੍ਰਿਟਿਸ਼ ਸਾਮਰਾਜ ਵਿੱਚ ਗੁਲਾਮੀ ਦੇ ਖਾਤਮੇ ਤੋਂ ਬਾਅਦ ਕੀਤੀ ਗਈ ਸੀ, ਪਰ ਫਿਰ ਵੀ ਉਨ੍ਹਾਂ ਨੇ ਗੁਲਾਮੀ ਦੀ ਵਿਰਾਸਤ ਤੋਂ ਮੁਨਾਫਾ ਕਮਾਇਆ। ਟ੍ਰਾਂਸਅਟਲਾਂਟਿਕ ਗੁਲਾਮ ਵਪਾਰ ਦੌਰਾਨ, 12 ਮਿਲੀਅਨ ਅਫਰੀਕੀ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਤੋਂ ਲਿਜਾਇਆ ਗਿਆ ਅਤੇ ਖੰਡ ਅਤੇ ਕਪਾਹ ਵਰਗੀਆਂ ਵਸਤਾਂ ਦਾ ਉਤਪਾਦਨ ਕਰਨ ਲਈ ਬਗੀਚਿਆਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਗਿਆ।

ਗੁਲਾਮ ਬਣਾਏ ਗਏ ਲੋਕਾਂ ਨੂੰ ਸੰਪੱਤੀ ਮੰਨਿਆ ਜਾਂਦਾ ਸੀ, ਪਰ ਉਹ ਆਪਣੇ ਪਰਿਵਾਰਾਂ ਅਤੇ ਸਭਿਆਚਾਰਾਂ ਨੂੰ ਜ਼ਿੰਦਾ ਰੱਖਣ ਲਈ ਲੜੇ। ਉਨ੍ਹਾਂ ਨੇ ਸੰਦਾਂ ਨੂੰ ਤੋੜ ਕੇ, ਕੰਮ ਕਰਨ ਤੋਂ ਇਨਕਾਰ ਕਰਕੇ, ਅਤੇ ਭੱਜ ਕੇ ਵਿਰੋਧ ਕੀਤਾ। ਜਦੋਂ ਗੁਲਾਮੀ ਨੂੰ ਖਤਮ ਕਰ ਦਿੱਤਾ ਗਿਆ ਸੀ, ਤਾਂ ਗੁਲਾਮ-ਮਾਲਕਾਂ ਨੂੰ ਉਨ੍ਹਾਂ ਦੀ 'ਸੰਪੱਤੀ' ਦੇ ਨੁਕਸਾਨ ਲਈ ਬ੍ਰਿਟਿਸ਼ ਸਰਕਾਰ ਦੁਆਰਾ ਪੈਸੇ ਦਿੱਤੇ ਗਏ ਸਨ, ਪਰ ਪਹਿਲਾਂ ਗੁਲਾਮ ਰਹੇ ਲੋਕਾਂ ਨੂੰ ਕਦੇ ਵੀ ਭੁਗਤਾਨ ਨਹੀਂ ਕੀਤਾ ਗਿਆ ਸੀ। ਬਰੈਲ ਐਂਡ ਸਨ ਦੇ ਜ਼ਿਆਦਾਤਰ ਵਪਾਰਕ ਭਾਈਵਾਲਾਂ ਨੇ ਗੁਲਾਮੀ ਤੋਂ ਆਪਣਾ ਪੈਸਾ ਕਮਾਇਆ ਅਤੇ ਬਰੈਲ ਨੇ ਕੈਰੇਬੀਅਨ ਬਗੀਚਿਆਂ 'ਤੇ ਪੈਦਾ ਹੋਏ ਸਮਾਨ ਨੂੰ ਢੋਣਾ ਜਾਰੀ ਰੱਖਿਆ।

**ਵਪਾਰੀਆਂ ਤੋਂ ਇਲਾਵਾ, ਤੁਹਾਨੂੰ ਕੀ ਲੱਗਦਾ ਹੈ ਕਿ ਬਗੀਚਿਆਂ 'ਤੇ ਉਗਾਈਆਂ ਗਈਆਂ ਚੀਜ਼ਾਂ ਤੋਂ ਹੋਰ ਕਿਸਨੇ ਲਾਭ ਉਠਾਇਆ ਹੋਵੇਗਾ?**

ਗਲਾਸਗੋ ਲਾਈਫ ਦਾ ਹਿੱਸਾ
Part of Glasgow Life



## Rouleau (ਰੂਲੋ) ਅਤੇ Baluster (ਬੈਲਸਟਰ) - ਆਕਾਰ ਦੇ ਫੁੱਲਦਾਨ

### ਗਲਾਸਗੋ ਵਿੱਚ ਬਰੈਲ

ਇਹ ਫੁੱਲਦਾਨ ਲਿਓਨਾਰਡ ਗੋ ਦੁਆਰਾ ਖਰੀਦੇ ਗਏ ਸਨ। ਬਰੈਲ ਅਤੇ ਗੋ ਦੋਵੇਂ ਸ਼ਿਪਿੰਗ ਕੰਪਨੀਆਂ ਦੇ ਮਾਲਕ ਸਨ ਜੋ ਚੀਨੀ ਮਲਾਹਾਂ ਨੂੰ ਨੌਕਰੀ ਦਿੰਦੇ ਸਨ। ਕਿਉਂਕਿ ਵਿਦੇਸ਼ੀ ਮਲਾਹਾਂ ਨੂੰ ਗੋਰੇ ਮਲਾਹਾਂ ਨਾਲੋਂ ਵੱਖਰੇ ਕਾਨੂੰਨਾਂ ਤਹਿਤ ਨਿਯੁਕਤ ਕੀਤਾ ਜਾਂਦਾ ਸੀ, ਇਸ ਲਈ ਉਨ੍ਹਾਂ ਨੂੰ ਘੱਟ ਪੈਸੇ ਦਿੱਤੇ ਜਾ ਸਕਦੇ ਸਨ।

ਇਹ ਇੱਕ ਕਾਰਨ ਸੀ ਜਿਸ ਕਾਰਨ Seamen’s Union (ਸੀਮੈਨਜ਼ ਯੂਨੀਅਨ) ਵਿਦੇਸ਼ੀ ਮਜ਼ਦੂਰਾਂ ਦੀ ਵਰਤੋਂ ਦੇ ਵਿਰੁੱਧ ਸੀ, ਅਤੇ ਯੂਨੀਅਨ ਦੀਆਂ ਮੀਟਿੰਗਾਂ ਵਿੱਚ ਵਿਦੇਸ਼ੀ ਮਲਾਹਾਂ ਦੇ ਖਿਲਾਫ ਨਸਲੀ ਭਾਸ਼ਣਾਂ ਨੇ 1919 ਵਿੱਚ ਗਲਾਸਗੋ ਦੀਆਂ ਬੰਦਰਗਾਹਾਂ ਵਿੱਚ ਨਸਲੀ ਦੰਗਿਆਂ ਵਿੱਚ ਯੋਗਦਾਨ ਪਾਇਆ।

ਇਸ ਦੌਰਾਨ, ਬਰੈਲ ਐਂਡ ਸਨ ਬ੍ਰਿਟਿਸ਼ ਜਹਾਜ਼ਾਂ 'ਤੇ ਕੰਮ ਕਰਨ ਵਾਲੇ ਸਾਰੇ ਚੀਨੀ ਮਲਾਹਾਂ ਦੇ 10% ਨੂੰ ਰੁਜ਼ਗਾਰ ਦਿੰਦਾ ਸੀ। ਇਨ੍ਹਾਂ ਮਲਾਹਾਂ ਨੂੰ ਬ੍ਰਿਟਿਸ਼ ਮਜ਼ਦੂਰਾਂ ਨਾਲੋਂ ਘੱਟ ਭੋਜਨ ਅਤੇ ਤਨਖਾਹ ਦਿੱਤੀ ਜਾਂਦੀ ਸੀ। ਰਹਿਣ-ਸਹਿਣ ਦੀਆਂ ਮਾੜੀਆਂ ਹਾਲਤਾਂ ਕਾਰਨ ਵਿਰੋਧ ਪ੍ਰਦਰਸ਼ਨ ਹੋਏ – ਬਰੈਲ ਦੇ ਜਹਾਜ਼ 'ਦਿ ਸਟ੍ਰੈਥਾਇਰ' 'ਤੇ ਚਾਲਕ ਦਲ ਦੇ 10 ਮੈਂਬਰਾਂ ਨੇ ਬਚਣ ਲਈ ਜਹਾਜ਼ ਤੋਂ ਛਾਲ ਮਾਰ ਦਿੱਤੀ। ਕਈ ਮੌਕਿਆਂ 'ਤੇ ਚੀਨੀ ਮਜ਼ਦੂਰ ਵਿਲੀਅਮ ਬਰੈਲ ਦੇ ਜਹਾਜ਼ਾਂ 'ਤੇ ਕੰਮ ਕਰਨਾ ਜਾਰੀ ਰੱਖਣ ਦੀ ਬਜਾਏ ਆਪਣੀ ਜਾਨ ਜੋਖਮ ਵਿੱਚ ਪਾਉਣਾ ਪਸੰਦ ਕਰਦੇ ਸਨ। ਚਮੜੀ ਦੇ ਰੰਗ, ਜਾਂ ਉਨ੍ਹਾਂ ਦੀ ਸੱਭਿਆਚਾਰਕ ਵਿਰਾਸਤ ਕਾਰਨ ਲੋਕਾਂ ਨਾਲ ਅਜੇ ਵੀ ਕਈ ਵਾਰ ਵੱਖਰਾ ਵਿਵਹਾਰ ਕੀਤਾ ਜਾਂਦਾ ਹੈ।

**ਜਦੋਂ ਤੁਸੀਂ ਅਜਿਹਾ ਹੁੰਦਾ ਦੇਖਦੇ ਹੋ ਤਾਂ ਤੁਸੀਂ ਕੀ ਕਰਦੇ ਹੋ?**





## Embroidered Panel (ਕਢਾਈ ਵਾਲਾ ਪੈਨਲ)

### Portrait Gallery (ਪੋਰਟਰੇਟ ਗੈਲਰੀ)

ਇਹ ਕਢਾਈ ਇੱਕ ਨੌਜਵਾਨ ਅਫਰੀਕੀ ਲੜਕੇ ਨੂੰ ਦਿਖਾਉਂਦੀ ਹੈ, ਜਿਸਨੂੰ 'ਪੇਜ' ਜਾਂ ਗੁਲਾਮ ਘਰੇਲੂ ਨੌਕਰ ਕਿਹਾ ਜਾਂਦਾ ਹੈ। ਹਾਲਾਂਕਿ ਜ਼ਿਆਦਾਤਰ ਗੁਲਾਮ ਬਣਾਏ ਗਏ ਅਫਰੀਕੀ ਅਮਰੀਕਾ ਅਤੇ ਕੈਰੇਬੀਅਨ ਵਿੱਚ ਬਗੀਚਿਆਂ 'ਤੇ ਕੰਮ ਕਰਦੇ ਸਨ, ਪਰ ਬਹੁਤ ਸਾਰੇ ਛੋਟੇ ਮੁੰਡਿਆਂ ਅਤੇ ਕੁੜੀਆਂ ਨੂੰ ਉਨ੍ਹਾਂ ਦੇ ਪਰਿਵਾਰਾਂ ਤੋਂ ਦੂਰ ਲਿਜਾਇਆ ਗਿਆ ਅਤੇ ਵਪਾਰੀਆਂ ਦੇ ਘਰਾਂ ਵਿੱਚ ਕੰਮ ਕਰਨ ਲਈ ਬ੍ਰਿਟੇਨ ਲਿਆਂਦਾ ਗਿਆ।

ਇਹ ਬੱਚੇ ਛੁਪਾਏ ਨਹੀਂ ਗਏ ਸਨ, ਪਰ ਅਕਸਰ ਵਪਾਰੀਆਂ ਦੁਆਰਾ ਰੁਤਬੇ ਦੇ ਪ੍ਰਤੀਕ ਵਜੋਂ ਪ੍ਰਦਰਸ਼ਿਤ ਕੀਤੇ ਜਾਂਦੇ ਸਨ। 1700 ਦੇ ਅੰਤ ਤੱਕ ਸਕਾਟਲੈਂਡ ਵਿੱਚ ਲਗਭਗ 80-90 ਗੁਲਾਮ ਲੋਕਾਂ ਦੇ ਰਿਕਾਰਡ ਹਨ। ਇੱਕ ਉਦਾਹਰਣ ਵਿੱਚ ਫਰੈਡਰਿਕ ਨਾਮ ਦਾ ਇੱਕ 14 ਸਾਲਾ ਗੁਲਾਮ ਲੜਕਾ ਸ਼ਾਮਲ ਹੈ।

ਫਰੈਡਰਿਕ ਨੂੰ 1760 ਦੇ ਦਹਾਕੇ ਵਿੱਚ ਮਸ਼ਹੂਰ ਇੰਜੀਨੀਅਰ, ਜੇਮਜ਼ ਵਾਟ ਦੀ ਨਿਗਰਾਨੀ ਹੇਠ ਸਕਾਟਲੈਂਡ ਵਿੱਚ ਤਸਕਰੀ ਕਰਕੇ ਲਿਆਂਦਾ ਗਿਆ ਸੀ, ਜੋ ਭਾਫ ਇੰਜਣ ਦਾ ਖੋਜੀ ਸੀ – ਜਿਸਦੀ ਮੂਰਤੀ ਜਾਰਜ ਸਕੁਏਅਰ ਵਿੱਚ ਖੜ੍ਹੀ ਹੈ। ਬਰੈਲ ਨੇ ਇਸ ਕਢਾਈ ਨੂੰ ਆਪਣੇ ਘਰ, ਹਟਨ ਕੈਸਲ ਦੇ ਟਾਵਰ ਸਿਟਿੰਗ ਰੂਮ ਵਿੱਚ ਟੰਗਿਆ ਸੀ।

**ਤੁਹਾਨੂੰ ਕਿਉਂ ਲੱਗਦਾ ਹੈ ਕਿ ਵਿਲੀਅਮ ਬਰੈਲ ਨੇ ਇਸ ਕਢਾਈ ਨੂੰ ਆਪਣੇ ਨਿੱਜੀ ਕਮਰਿਆਂ ਵਿੱਚ ਟੰਗਿਆ ਹੋਵੇਗਾ?**





## Sugar Bowl (ਖੰਡ ਦਾ ਕਟੋਰਾ)

### Central Galleries (ਕੇਂਦਰੀ ਗੈਲਰੀਆਂ)

ਇਸ ਕਟੋਰੇ ਵਿੱਚ ਜਮਾਇਕਾ ਵਰਗੇ ਕੈਰੇਬੀਅਨ ਟਾਪੂਆਂ ਵਿੱਚ ਗੁਲਾਮ ਲੋਕਾਂ ਦੁਆਰਾ ਤਿਆਰ ਕੀਤੀ ਗਈ ਖੰਡ ਹੁੰਦੀ ਹੋਵੇਗੀ। ਅਬੋਲੀਸ਼ਨ ਤੋਂ ਬਾਅਦ, ਜਮਾਇਕਾ ਇੱਕ Crown Colony (ਕ੍ਰਾਊਨ ਕਲੋਨੀ) ਬਣ ਗਿਆ। ਇਸਦਾ ਮਤਲਬ ਇਹ ਸੀ ਕਿ ਬ੍ਰਿਟੇਨ ਦਾ ਦੇਸ਼ 'ਤੇ ਪੂਰਾ ਕੰਟਰੋਲ ਸੀ, ਜਿਸ ਨਾਲ ਬ੍ਰਿਟਿਸ਼ ਕਾਰੋਬਾਰ ਨੂੰ ਫਾਇਦਾ ਹੋਇਆ।

ਬਰੈਲ ਪਰਿਵਾਰ ਨੇ ਕਲਾਈਡ ਲਾਈਨ ਦੀ ਸਥਾਪਨਾ ਕੀਤੀ, ਜੋ ਸਿੱਧੇ ਗਲਾਸਗੋ ਤੱਕ ਖੰਡ ਪਹੁੰਚਾਉਂਦੀ ਸੀ। ਵਿਲੀਅਮ ਅਤੇ ਕਾਂਸਟੈਂਸ ਬਰੈਲ ਨੇ ਬਾਅਦ ਵਿੱਚ ਜਮਾਇਕਾ ਵਿੱਚ ਛੁੱਟੀਆਂ ਮਨਾਉਣ ਲਈ ਆਪਣੀ ਦੌਲਤ ਦੀ ਵਰਤੋਂ ਕੀਤੀ। ਅਮੀਰ ਬ੍ਰਿਟਿਸ਼ ਵਪਾਰੀਆਂ ਅਤੇ ਅਸ਼ਵੇਤ ਜਮਾਇਕਨਾਂ ਵਿਚਕਾਰ ਪਾੜੇ ਨੇ ਸਥਾਨਕ ਨਿਰਾਸ਼ਾ ਨੂੰ ਵਧਾ ਦਿੱਤਾ ਕਿਉਂਕਿ ਜਮਾਇਕਨਾਂ ਲਈ ਰਹਿਣ-ਸਹਿਣ ਦੀ ਲਾਗਤ ਵਧਣੀ ਸ਼ੁਰੂ ਹੋ ਗਈ ਸੀ।

1938 ਵਿੱਚ, 3000 ਮਜ਼ਦੂਰਾਂ ਨੇ ਟੇਟ ਐਂਡ ਲਾਇਲ ਖੰਡ ਦੇ ਬਗੀਚਿਆਂ ਵਿੱਚ ਹੜਤਾਲ ਕੀਤੀ। ਇਸ ਵਿਰੋਧ ਪ੍ਰਦਰਸ਼ਨ ਨੇ ਵਿਲੀਅਮ ਅਤੇ ਕਾਂਸਟੈਂਸ ਨੂੰ ਜਮਾਇਕਾ ਵਾਪਸ ਆਉਣ ਤੋਂ ਰੋਕਿਆ ਅਤੇ ਜਮਾਇਕਾ ਵਿੱਚ ਪਹਿਲੀ ਆਧੁਨਿਕ ਟ੍ਰੇਡ ਯੂਨੀਅਨਾਂ ਦੀ ਸਥਾਪਨਾ ਕੀਤੀ ਗਈ।

**ਬ੍ਰਿਟਿਸ਼ ਸਾਮਰਾਜ ਦੀਆਂ 120 ਕਲੋਨੀਆਂ ਸਨ। ਕੀ ਤੁਸੀਂ ਕਿਸੇ ਹੋਰ ਬਾਰੇ ਜਾਣਦੇ ਹੋ?**




## Pollok Park (ਪੋਲੋਕ ਪਾਰਕ)

### Burrell Grounds (ਬਰੈਲ ਮੈਦਾਨ) ਦੇ ਬਾਹਰ

ਸਾਡੇ ਟ੍ਰੇਲ ਦਾ ਆਖਰੀ ਸਟਾਪ ਪੋਲੋਕ ਪਾਰਕ ਹੈ, ਜੋ ਅਸਲ ਵਿੱਚ ਸਟਰਲਿੰਗ-ਮੈਕਸਵੈਲ ਪਰਿਵਾਰ ਦਾ ਘਰ ਸੀ। ਸਟਰਲਿੰਗ-ਮੈਕਸਵੈਲ ਪਰਿਵਾਰ ਜਮਾਇਕਾ, ਸੇਂਟ ਕਿਟਸ ਅਤੇ ਸੇਂਟ ਕ੍ਰੋਇਕਸ ਵਿੱਚ ਖੰਡ ਦੇ ਬਗੀਚਿਆਂ ਦੇ ਮਾਲਕ ਸਨ।

ਗੁਲਾਮੀ ਦੇ ਖਾਤਮੇ ਤੋਂ ਬਾਅਦ, ਸਟਰਲਿੰਗ ਨੂੰ ਉਹਨਾਂ ਦੀ ਗੁਆਚੀ ਹੋਈ 'ਸੰਪੱਤੀ' – 690 ਗੁਲਾਮ ਲੋਕਾਂ ਲਈ £12,517 ਦਿੱਤੇ ਗਏ ਸਨ। ਅੱਜ ਇਹ ਲਗਭਗ £1.3 ਮਿਲੀਅਨ ਹੋਵੇਗਾ।



ਗੁਲਾਮ ਮਜ਼ਦੂਰੀ ਦੀ ਵਰਤੋਂ ਤੋਂ ਕਮਾਏ ਗਏ ਪੈਸੇ ਕਾਰਨ ਗਲਾਸਗੋ ਤੇਜ਼ੀ ਨਾਲ ਵਧਿਆ ਅਤੇ ਸ਼ਹਿਰ ਦੇ ਚਾਰੇ ਪਾਸੇ ਇਸ ਇਤਿਹਾਸ ਦੀਆਂ ਯਾਦਾਂ ਛੁਪੀਆਂ ਹੋਈਆਂ ਹਨ। ਪਾਰਕਾਂ, ਗਲੀਆਂ ਦੇ ਨਾਵਾਂ ਅਤੇ ਮਿਊਜ਼ੀਅਮਾਂ ਵਿੱਚ, ਸਾਡੇ ਸਾਰਿਆਂ ਕੋਲ ਦੱਸਣ ਲਈ ਇਸ ਕਹਾਣੀ ਦਾ ਇੱਕ ਹਿੱਸਾ ਹੈ।

**ਤੁਸੀਂ ਆਪਣੇ ਸ਼ਹਿਰ ਵਿੱਚ ਇਸ ਇਤਿਹਾਸ ਦੀਆਂ ਕਿਹੜੀਆਂ ਯਾਦਾਂ ਦੇਖ ਸਕਦੇ ਹੋ?**